## ਸ਼ੇਖ ਫ਼ਰੀਦ - ਸਬਦ ੭

## ਕਿਛੁ ਨ ਬੁਝੈ ਕਿਛੁ ਨ ਸੁਝੈ ਦੁਨੀਆ ਗੁਝੀ ਭਾਹਿ

## ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੭੮

ਕਿਛੁ ਨ ਬੁਝੈ ਕਿਛੁ ਨ ਸੁਝੈ ਦੁਨੀਆ ਗੁਝੀ ਭਾਹਿ ॥
ਸਾਂਈਂ ਮੇਰੈ ਚੰਗਾ ਕੀਤਾ ਨਾਹੀ ਤ ਹੰ ਭੀ ਦਝਾਂ ਆਹਿ ॥੩॥

ਸਾਰ: ਜਦੋਂ ਕੋਈ ਆਪਣੀ ਤਾਕਤ ਬਾਰੇ ਅਣਜਾਣ ਹੁੰਦਾ ਹੈ ਤਾਂ ਜ਼ਿੰਦਗੀ ਬਲਦੀ ਅੱਗ ਵਾਂਗ ਅਸਹਿ ਜਾਪਦੀ ਹੈ। ਮਾਰੂ ਭਾਵਨਾਵਾਂ ਡਰ ਪੈਦਾ ਕਰ ਸਕਦੀਆਂ ਹਨ, ਅਤੇ ਵਿਅਕਤੀ ਆਪਣੀ ਕੁਦਰਤੀ ਸ਼ਹਿਣ-ਸ਼ਕਤੀ ਗੁਆ ਸਕਦਾ ਹੈ। ਅੰਦਰੂਨੀ ਬਿਬੇਕ ਨੂੰ ਹੁਲਾਰਾ ਦੇ ਅਤੇ ਆਪਣੀ ਜਨਮ-ਜਾਤ ਤਾਕਤ ਵਿੱਚ ਭਰੋਸਾ ਰੱਖ ਕੇ, ਪ੍ਰਗਤੀ ਅਤੇ ਸ਼ਾਨਦਾਰ ਵਿਕਾਸ ਲਈ ਕੀਮਤੀ ਸੂਝ ਪ੍ਰਾਪਤ ਕੀਤੀ ਜਾ ਸਕਦੀ ਹੈ।

ਕਿਛੁ ਨ ਬੁਝੈ ਕਿਛੁ ਨ ਸੁਝੈ ਦੁਨੀਆ ਗੁਝੀ ਭਾਹਿ ॥
ਜਨਮ-ਜਾਤ ਬਿਬੇਕ ਨੂੰ ਉਜਾਗਰ ਕਰਨ ਤੋਂ ਬਿਨਾਂ, ਕੋਈ ਵਿਅਕਤੀ ਜੀਵਨ ਨੂੰ ਸਮਝਣ ਲਈ ਲੋੜੀਂਦੀ ਸੂਝ ਪ੍ਰਾਪਤ ਨਹੀਂ ਕਰ ਸਕਦਾ, ਜਿਸ ਨਾਲ ਸੰਸਾਰ ਇੱਕ ਡਰਾਉਣੀ, ਰਹੱਸਮਈ ਅੱਗ ਦੇ ਰੂਪ ਵਿੱਚ ਪ੍ਰਗਟ ਹੁੰਦਾ ਹੈ।

ਸਾਂਈਂ ਮੇਰੈ ਚੰਗਾ ਕੀਤਾ ਨਾਹੀ ਤ ਹੰਭੀ ਦਝਾਂ ਆਹਿ ॥੩॥
ਮੇਰੀ ਮਾਰਗਦਰਸ਼ਕ ਸ਼ਕਤੀ ਨੇ ਮੇਰਾ ਭਲਾ ਕੀਤਾ ਹੈ, ਨਹੀਂ ਤਾਂ ਇਸ ਤੋਂ ਬਿਨਾਂ, ਮੈਂ ਇਸ ਸੰਸਾਰ ਵਿਚ ਰਾਹ ਭਾਲਦਾ ਹੋਇਆ ਦੁੱਖ ਨਾਲ ਸੜ ਰਿਹਾ ਹੁੰਦਾ। (੩)

ਤੱਤ: ਸ਼ੇਖ ਫ਼ਰੀਦ ਇਸ ਤੱਥ 'ਤੇ ਜ਼ੋਰ ਦਿੰਦੇ ਹਨ ਕਿ ਹਰੇਕ ਵਿਅਕਤੀ ਦੇ ਅੰਦਰ ਸਮੋਈ ਡੂੰਘਾ ਬਿਬੇਕ ਇੱਕ ਮਾਰਗ ਦਰਸ਼ਕ ਵਜੋਂ ਕੰਮ ਕਰ ਸਕਦਾ ਹੈ। ਇਹ ਸਾਨੂੰ ਚੁਣੌਤੀਆਂ ਦੀ ਸਪਸ਼ਟ ਰੂਪ ਵਿਚ ਨਿਸ਼ਾਨਦੇਹੀ ਕਰਨ ਅਤੇ ਕਿਸੇ ਉਦੇਸ਼ ਤਹਿਤ ਅੱਗੇ ਵਧਣ ਵਾਲੇ ਮਾਰਗ ਨੂੰ ਰੋਸ਼ਨ ਕਰਨ ਲਈ ਸ਼ਕਤੀ ਪ੍ਰਦਾਨ ਕਰ ਸਕਦਾ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**
ਈਮੇਲ: **onenessindiversityfoundation@gmail.com**